# External Affairs Minister meets Foreign Minister of Uzbekistan

February 25, 2021

---

# ਵਿਦੇਸ਼ ਮੰਤਰੀ ਦੀ ਉਜ਼ਬੇਕਿਸਤਾਨ ਦੇ ਵਿਦੇਸ਼ ਮੰਤਰੀ ਨਾਲ ਮੁਲਾਕਾਤ

25 ਫਰਵਰੀ, 2021

ਉਜ਼ਬੇਕਿਸਤਾਨ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਅਬਦੁਲਅਜ਼ੀਜ਼ ਕਮਿਲੋਵ ਨੇ 24-25 ਫਰਵਰੀ, 2021 ਨੂੰ ਨਵੀਂ ਦਿੱਲੀ ਦਾ ਦੌਰਾ ਕੀਤਾ। ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਵਿਦੇਸ਼ ਮੰਤਰੀ ਕਾਮਿਲੋਵ ਦਰਮਿਆਨ ਹੋਈ ਮੁਲਾਕਾਤ ਨਾਲ ਆਪਸੀ ਹਿੱਤ ਦੇ ਵੱਖ-ਵੱਖ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕਰਨ ਦਾ ਮੌਕਾ ਮਿਲਿਆ।

ਦੋਨਾਂ ਮੰਤਰੀਆਂ ਨੇ ਭਾਰਤ ਅਤੇ ਉਜ਼ਬੇਕਿਸਤਾਨ ਦਰਮਿਆਨ ਦੁਵੱਲੇ ਸਹਿਯੋਗ ਦੇ ਵੱਖ ਵੱਖ ਪਹਿਲੂਆਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ 11 ਦਸੰਬਰ, 2020 ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਸ਼ਵਾਕਤ ਮਿਰਜ਼ੀਯੋਯੇਵ ਦਰਮਿਆਨ ਹੋਏ ਭਾਰਤ-ਉਜ਼ਬੇਕਿਸਤਾਨ ਵਰਚੁਅਲ ਸੰਮੇਲਨ ਦੇ ਸਿੱਟਿਆਂ ਨੂੰ ਸਕਾਰਾਤਮਕ ਮੰਨਿਆ। ਦੋਵੇਂ ਦੇਸ਼ ਸੰਯੁਕਤ ਰਾਸ਼ਟਰ, ਸ਼ੰਘਾਈ ਸਹਿਕਾਰਤਾ ਸੰਗਠਨ ਅਤੇ ਭਾਰਤ-ਮੱਧ ਏਸ਼ੀਆ ਸੰਵਾਦ ਸਣੇ ਖੇਤਰੀ ਅਤੇ ਬਹੁਪੱਖੀ ਮੰਚਾਂ 'ਤੇ ਸਰਗਰਮ ਸਹਿਯੋਗ ਕਰ ਰਹੇ ਹਨ।

ਵਿਦੇਸ਼ ਮੰਤਰੀ ਕਾਮਿਲੋਵ ਨੇ 15-15 ਜੁਲਾਈ, 2021 ਨੂੰ ਉਜ਼ਬੇਕਿਸਤਾਨ ਦੁਆਰਾ ਤਾਸ਼ਕੰਦ ਵਿੱਚ ਖੇਤਰੀ ਸੰਪਰਕ 'ਤੇ ਕਰਾਈ ਜਾ ਰਹੀ ਆਲਮੀ ਕਾਨਫਰੰਸ ਵਿਚ ਹਿੱਸਾ ਲੈਣ ਦਾ ਸੱਦਾ ਦਿੱਤਾ।

ਦੋਵਾਂ ਮੰਤਰੀਆਂ ਨੇ ਅਫਗਾਨਿਸਤਾਨ ਅੰਦਰ ਪੈਦਾ ਹੋ ਰਹੇ ਘਟਨਾਕ੍ਰਮ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ ਅਤੇ ਖੇਤਰੀ ਸ਼ਾਂਤੀ, ਸਥਿਰਤਾ ਅਤੇ ਸੁਰੱਖਿਆ ਲਈ ਸਥਿਰ ਅਤੇ ਸ਼ਾਂਤੀਪੂਰਨ ਅਫਗਾਨਿਸਤਾਨ ਦੀ ਮਹੱਤਤਾ ਬਾਰੇ ਕਿਹਾ।

ਨਵੀਂ ਦਿੱਲੀ
25 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.